## ਈਸੋਲ (ESOL) ਕੋਰਸ ਸਤੰਬਰ 2007 – ਜ਼ਰੂਰੀ ਜਾਣਕਾਰੀ

ਜੇ ਤੁਸੀਂ ਕਿਸੇ ਈਸੋਲ (ਹੋਰ ਭਾਸ਼ਾਵਾਂ ਬੋਲਣ ਵਾਲਿਆਂ ਲਈ ਅੰਗਰੇਜ਼ੀ) ਦਾ ਕੋਰਸ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਨੇੜੇ ਦੇ ਕਿਸੇ ਸੈਂਟਰ ਜਾਂ ਕਾਲਿਜ ਨੂੰ ਫ਼ੋਨ ਕਰਕੇ ਅਰਜ਼ੀ ਦੇਣ ਦੇ ਢੰਗ ਬਾਰੇ ਪਤਾ ਕਰਨਾ ਚਾਹੀਦਾ ਹੈ।

ਈਸੋਲ ਦੇ ਕੋਰਸਾਂ ਲਈ ਬਹੁਤ ਜ਼ਿਆਦਾ ਲੋਕ ਅਰਜ਼ੀ ਦਿੰਦੇ ਹਨ, ਇਸ ਲਈ ਹੋ ਸਕਦਾ ਹੈ ਕਿ ਤੁਹਾਨੂੰ ਉਡੀਕ ਲਿਸਟ ਵਿਚ ਰਹਿਣਾ ਪਏ।

### ਇਹਦੇ 'ਤੇ ਕਿੰਨਾ ਖ਼ਰਚ ਆਉਂਦਾ ਹੈ?

**ਜੇ ਤੁਹਾਨੂੰ (ਜਾਂ ਤੁਹਾਡੇ ਪਤੀ ਜਾਂ ਪਤਨੀ ਨੂੰ) ਹੇਠ ਲਿਖੇ ਬੈਨੀਫ਼ਿਟਾਂ ਵਿਚੋਂ ਕੋਈ ਮਿਲਦਾ ਹੈ, ਤਾਂ ਈਸੋਲ ਕਲਾਸਾਂ ਤੁਹਾਡੇ ਲਈ ਮੁਫ਼ਤ ਹਨ:**

ਜੌਬਸੀਕਰਜ਼ ਅਲਾਉਂਸ (ਜੇ ਐੱਸ ਏ)
ਕਾਉਂਸਿਲ ਟੈਕਸ ਬੈਨੀਫ਼ਿਟ
ਹਾਊਜ਼ਿੰਗ ਬੈਨੀਫ਼ਿਟ
ਇਨਕਮ ਸੁਪੋਰਟ
ਵਰਕਿੰਗ ਟੈਕਸ ਕ੍ਰੈਡਿਟ (ਅਤੇ ਆਮਦਨ £15,050 ਤੋਂ ਘੱਟ)
ਪੈਨਸ਼ਨ ਕ੍ਰੈਡਿਟ (ਸਿਰਫ਼ ਗਾਰੰਟੀ ਕ੍ਰੈਡਿਟ)

**ਜਾਂ ਜੇ ਤੁਸੀਂ ਇਸ ਕਿਸਮ ਦੇ ਲੋਕਾਂ ਵਿਚੋਂ ਕਿਸੇ 'ਤੇ ਨਿਰਭਰ ਹੋ ਅਤੇ ਤੁਹਾਨੂੰ ਕੋਈ ਕੰਮ ਕਰਨ ਦੇ ਪੈਸੇ ਨਹੀਂ ਮਿਲਦੇ**
**ਜਾਂ ਜੇ ਤੁਸੀਂ ਕਮਿਉਨਿਟੀ ਔਫ਼ੈਂਡਰ** (**ਕਮਿਉਨਿਟੀ ਵਿਚ ਪ੍ਰੋਬੇਸ਼ਨ ਸਰਵਿਸ ਦੀ ਨਿਗਰਾਨੀ ਵਿਚ ਮੁਜਰਿਮ**) **ਹੋ**
**ਜਾਂ ਜੇ ਤੁਹਾਡੀ ਉਮਰ 16 – 18 ਸਾਲ ਹੈ**

ਤੁਹਾਨੂੰ ਆਪਣੇ ਨਾਲ ਉਹ ਦਸਤਾਵੇਜ਼ ਲਿਆਉਣੇ ਪੈਣਗੇ ਜਿਹਨਾਂ ਤੋਂ ਇਹ ਪਤਾ ਲੱਗੇ ਕਿ ਤੁਹਾਨੂੰ ਕਿਹੜੇ ਬੈਨੀਫ਼ਿਟ ਮਿਲ ਦੇ ਹਨ।

**ਜੇ ਤੁਸੀਂ ਕੋਈ ਪੈਸੇ ਕਮਾਉਣ ਵਾਲਾ ਕੰਮ ਕਰਦੇ ਹੋ, ਤਾਂ ਤੁਹਾਡੇ ਨੇੜੇ ਦਾ ਕਾਲਿਜ ਤੁਹਾਨੂੰ ਦੱਸ ਸਕਦਾ ਹੈ ਕਿ ਕਲਾਸਾਂ ਵਿਚ ਆਉਣ ਦਾ ਖ਼ਰਚ ਕਿੰਨਾ ਹੈ।**

ਜੇ ਤੁਹਾਨੂੰ ਕੋਈ ਬੈਨੀਫ਼ਿਟ ਨਹੀਂ ਮਿਲਦਾ ਅਤੇ ਤੁਸੀਂ ਕੰਮ ਵੀ ਨਹੀਂ ਕਰਦੇ
**ਜਾਂ**
ਜੇ ਤੁਹਾਡੀ ਸਾਲਾਨਾ ਆਮਦਨ £15,050 ਤੋਂ ਘੱਟ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡੇ ਨੇੜੇ ਦਾ ਕਾਲਿਜ ਫ਼ੀਸ ਦੇਣ ਵਿਚ ਤੁਹਾਡੀ ਮਦਦ ਕਰ ਸਕੇ।

ਇਹ ਸਾਬਤ ਕਰਨ ਲਈ ਤੁਸੀਂ ਜਿਹੜੇ ਦਸਤਾਵੇਜ਼ ਨਾਲ ਲਿਆ ਸਕਦੇ ਹੋ, ਉਹ ਲਿਆਓ,
ਜਿਵੇਂ ਕਿ: ਪੇਅਸਲਿਪਾਂ, P60, ਹੋਰ ਟੈਕਸ ਫ਼ਾਰਮ

**ਜੇ ਤੁਸੀਂ ਬੈਨੀਫ਼ਿਟਾਂ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ**

- ਆਪਣੇ ਇਲਾਕੇ ਦੇ ਜੌਬਸੈਂਟਰ ਪਲੱਸ ਆਫ਼ਿਸ ਵਿਚ ਜਾਓ।

ਨੈਸ਼ਨਲ ਇੰਸ਼ੋਰੈਂਸ ਨੰਬਰ ਲਈ ਅਰਜ਼ੀ ਦੇਣ ਲਈ, ਤੁਸੀਂ ਨੰਬਰ 0845 600 0643 'ਤੇ ਫ਼ੋਨ ਕਰੋ, ਜਾਂ ਆਪਣੇ ਇਲਾਕੇ ਦੇ ਜੌਬਸੈਂਟਰ ਪਲੱਸ ਆਫ਼ਿਸ ਵਿਚ ਜਾਓ।

## ਜ਼ਰੂਰੀ ਜਾਣਕਾਰੀ – ਕਾਲਿਜ ਕੋਰਸ ਵਿਚ ਦਾਖ਼ਲਾ ਲੈਣ ਦੀ ਯੋਗਤਾ

ਇਹਦੇ ਬਾਰੇ ਹੋਰ ਜਾਣਕਾਰੀ ਲੈਣ ਲਈ ਕਾਲਿਜ ਨਾਲ ਗੱਲ ਕਰੋ

ਕੁਝ ਕੋਰਸ 'ਫ਼ੁਲ ਕੌਸਟ' (ਪੂਰੇ ਖ਼ਰਚ ਵਾਲੇ) ਹੁੰਦੇ ਹਨ, ਜਿਹਦਾ ਮਤਲਬ ਹੈ ਕਿ ਤੁਹਾਨੂੰ ਕੋਰਸ ਦੇ ਪੂਰੇ ਖ਼ਰਚ ਦੇਣੇ ਪੈਣਗੇ।

ਸਾਡੇ ਬਾਕੀ ਦੇ ਕੋਰਸਾਂ ਦੇ ਖ਼ਰਚ ਦਾ ਕੁਝ ਹਿੱਸਾ ਲਰਨਿੰਗ ਐਂਡ ਸਕਿਲਜ਼ ਕਾਉਂਸਿਲ (ਐਲ ਐੱਸ ਸੀ) ਦੇ ਪੈਸੇ ਨਾਲ ਪੂਰਾ ਕੀਤਾ ਜਾਂਦਾ ਹੈ - ਯਾਨੀ ਕਿ ਤੁਹਾਨੂੰ ਕੁਝ ਫ਼ੀਸ ਦੇਣੀ ਪੈ ਸਕਦੀ ਹੈ, ਜਾਂ ਕੋਰਸ ਮੁਫ਼ਤ ਹੋ ਸਕਦਾ ਹੈ। ਇਹਦੇ ਬਾਰੇ ਪਤਾ ਕਰਨ ਲਈ ਤੁਸੀਂ ਕਾਲਿਜ ਨਾਲ ਗੱਲ ਕਰੋ। ਹੋ ਸਕਦਾ ਹੈ ਕਿ ਉਹਨਾਂ ਦੀ ਕੋਈ ਵੈੱਬਸਾਈਟ ਹੋਵੇ, ਜਾਂ ਦਾਖ਼ਲਾ ਫ਼ੋਨ ਲਾਈਨ ਹੋਵੇ, ਜਾਂ ਤੁਹਾਨੂੰ ਉਹਨਾਂ ਕੋਲ ਖ਼ੁਦ ਜਾਣ ਦੀ ਲੋੜ ਪੈ ਸਕਦੀ ਹੈ

ਹੇਠਾਂ ਵਾਲੇ ਟੇਬਲ ਵਿਚ ਲੋਕਾਂ ਦੇ ਕੁਝ ਗਰੁਪਾਂ ਬਾਰੇ ਦੱਸਿਆ ਗਿਆ ਹੈ ਜੋ ਹੋ ਸਕਦਾ ਹੈ ਕਿ ਐਲ ਐੱਸ ਸੀ ਦੇ ਪੈਸੇ ਨਾਲ ਚੱਲਣ ਵਾਲੇ ਕੋਰਸਾਂ ਵਿਚ ਦਾਖ਼ਲਾ ਲੈਣ ਦੇ ਯੋਗ ਹੋਣ।

ਇਸ ਲਿਸਟ ਵਿਚ ਹਰ ਕਿਸਮ ਦੇ ਹਾਲਾਤ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਤੁਹਾਡੇ ਨੇੜੇ ਦਾ ਕਾਲਿਜ ਤੁਹਾਡੇ ਹਾਲਾਤ ਅਨੁਸਾਰ ਤੁਹਾਨੂੰ ਸਲਾਹ ਦੇ ਸਕਦਾ ਹੈ।

| **ਐਲ ਐੱਸ ਸੀ ਕੋਰਸਾਂ ਵਿਚ ਦਾਖ਼ਲ ਹੋਣ ਦੀ ਯੋਗਤਾ:** | **ਸਬੂਤ ਦੀਆਂ ਮਿਸਾਲਾਂ** |
|---|---|
| ਬ੍ਰਿਟਿਸ਼ ਨਾਗਰਿਕ | ਯੂ ਕੇ ਜਾਂ ਨਾਰਦਰਨ ਆਇਰਲੈਂਡ ਪਾਸਪੋਰਟ<br>ਨਾਗਰਿਕਤਾ ਮਿਲਣ ਦਾ ਸਰਟੀਫ਼ਿਕੇਟ<br>ਬ੍ਰਿਟਿਸ਼ ਨਾਗਰਿਕ ਦੇ ਤੌਰ 'ਤੇ ਰਜਿਸਟ੍ਰੇਸ਼ਨ |
| ਯੂ ਕੇ ਵਿਚ 3 ਸਾਲਾਂ ਤੋਂ ਪੱਕੇ ਤੌਰ 'ਤੇ ਰਹਿੰਦੇ<br>(ਜਾਂ ਯੂ ਕੇ ਵਿਚ 1 ਸਾਲ ਤੋਂ ਰਹਿੰਦਾ/ਰਹਿੰਦੀ ਉਸ ਵਿਅਕਤੀ ਦਾ ਪਤੀ ਜਾਂ ਪਤਨੀ ਜਾਂ ਸਿਵਿਲ ਪਾਰਟਨਰ) | ਹੋਮ ਆਫ਼ਿਸ ਦੀ ਮੁਹਰ ਵਾਲਾ ਪਾਸਪੋਰਟ ਜਿਸ ਵਿਚ ਲਿਖਿਆ ਹੋਵੇ ਕਿ ਉਸ ਵਿਅਕਤੀ ਨੂੰ *ਯੂ ਕੇ ਵਿਚ ਪੱਕੇ ਤੌਰ 'ਤੇ ਰਹਿਣ ਦਾ ਹੱਕ ਹੈ,* *ਜਾਂ ਉਹਨੂੰ ਅਨਿਸ਼ਚਿਤ ਸਮੇਂ ਤਕ ਯੂ ਕੇ ਵਿਚ ਦਾਖ਼ਿਲ ਹੋਣ ਜਾਂ ਰਹਿਣ ਦੀ ਇਜਾਜ਼ਤ ਹੈ*<br>ਹੋਮ ਆਫ਼ਿਸ ਦਾ ਖ਼ਤ |
| ਜਿਹਨੂੰ ਯੂ ਕੇ ਦੀ ਸਰਕਾਰ ਵਲੋਂ ਰੈਫ਼ਿਊਜੀ ਦਾ ਦਰਜਾ ਮਿਲਿਆ ਹੈ<br>(ਜਾਂ ਉਹਦਾ ਪਤੀ, ਪਤਨੀ, ਸਿਵਿਲ ਪਾਰਟਨਰ ਜਾਂ ਬੱਚਾ)<br>ਨੋਟ 1 ਦੇਖੋ | ਹੋਮ ਆਫ਼ਿਸ ਦਾ ਦਸਤਾਵੇਜ਼ |
| ਈ ਯੂ (ਯੂਰਪੀਅਨ ਯੂਨੀਅਨ) ਦੇ ਨਾਗਰਿਕ ਜਾਂ ਈ ਈ ਏ (ਯੂਰਪੀਅਨ ਇਕਨਾਮਿਕ ਏਰੀਆ) ਵਿਚ 3 ਸਾਲਾਂ ਤੋਂ ਰਹਿ ਰਹੇ ਪ੍ਰਵਾਸੀ ਕਾਮੇ (ਜਾਂ ਅਜਿਹੇ ਕਾਮੇ ਦਾ ਪਤੀ ਜਾਂ ਪਤਨੀ ਜਾਂ ਸਿਵਿਲ ਪਾਰਟਨਰ ਜਾਂ ਬੱਚਾ)<br>ਨੋਟ 2 ਦੇਖੋ | ਈ ਯੂ ਪਾਸਪੋਰਟ |

ਨੋਟ:

1. ਇਹਨਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਹਨਾਂ ਨੂੰ ਰੈਫ਼ਿਊਜੀ ਦਾ ਦਰਜਾ ਦੇਣੋਂ ਨਾਂਹ ਕੀਤੀ ਗਈ ਹੈ, **ਪਰ** ਜਿਹਨਾਂ ਨੂੰ ਸੈਕ੍ਰੇਟਰੀ ਆੱਫ਼ ਸਟੇਟ ਨੇ ਯੂ ਕੇ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਹੈ, ਹਿਊਮੈਨੀਟੇਰੀਅਨ ਪ੍ਰੋਟੈਕਸ਼ਨ (ਮਾਨਵੀ ਹਿਫ਼ਾਜ਼ਤ) ਜਾਂ ਡਿਸਕ੍ਰੀਸ਼ਨਰੀ ਲੀਵ (ਸਰਕਾਰ ਦੀ ਮਰਜ਼ੀ ਨਾਲ ਰਹਿਣ ਦੀ ਇਜਾਜ਼ਤ) ਮਿਲੀ ਹੈ, ਜਾਂ ਜਿਹਨਾਂ ਨੂੰ ਯੂ ਕੇ ਵਿਚ ਅਤੇ ਤਦ ਤੋਂ ਮੰਨੇ ਗਏ ਟਾਪੂਆਂ ਵਿਚ ਰਹਿਣ ਅਤੇ ਦਾਖ਼ਿਲ ਹੋਈ ਦੀ ਖ਼ਾਸ ਇਜਾਜ਼ਤ ਯੂ ਕੇ ਸਰਕਾਰ ਨੇ ਦਿੱਤੀ ਹੈ, ਅਤੇ ਜੋ ਯੂ ਕੇ ਵਿਚ ਜਾਂ ਤਦ ਤੋਂ ਮੰਨੇ ਗਏ ਟਾਪੂਆਂ ਵਿਚ ਆਮ ਨਿਵਾਸੀ ਹਨ (ਜਾਂ ਅਜਿਹੇ ਕਿਸੇ ਵਿਅਕਤੀ ਦਾ ਪਤੀ, ਪਤਨੀ, ਸਿਵਿਲ ਪਾਰਟਨਰ ਜਾਂ ਬੱਚਾ)।

ਜਿਹੜੇ ਅਸਾਈਲਮ ਸੀਕਰ ਅਰਜ਼ੀ ਦੇਣ ਮਗਰੋਂ 6 ਮਹੀਨੇ ਬਾਅਦ ਵੀ ਅਰਜ਼ੀ ਬਾਰੇ ਕਾਰਵਾਈ ਹੋਣ ਦੀ ਉਡੀਕ ਕਰ ਰਹੇ ਹਨ, ਉਹ ਐਲ ਐਸ ਸੀ ਕੋਰਸਾਂ ਵਿਚ ਦਾਖ਼ਲਾ ਲੈਣ ਦੇ ਯੋਗ ਹਨ।

2. ਈ ਈ ਏ ਵਿਚ ਯੂਰਪੀਅਨ ਯੂਨੀਅਨ, ਆਈਸਲੈਂਡ, ਲਿਕਸਟਨਸਟਾਈਨ, ਸਵਿਟਜ਼ਰਲੈਂਡ ਅਤੇ ਨਾਰਵੇ ਸ਼ਾਮਿਲ ਹਨ।